# Telephone conversation between Prime Minister and Prime Minister of Sri Lanka H.E. Mahinda Rajapaksa

August 06, 2020

## ਪ੍ਰਧਾਨ ਮੰਤਰੀ ਅਤੇ ਸ੍ਰੀਲੰਕਾ ਦੇ ਪ੍ਰਧਾਨ ਮੰਤਰੀ ਮਹਾਮਹਿਮ ਮਹਿੰਦਾ ਰਾਜਪਕਸ਼ੇ ਵਿਚਕਾਰ ਟੈਲੀਫੋਨ ਗੱਲਬਾਤ

06 ਅਗਸਤ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਸ਼੍ਰੀ ਲੰਕਾ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਮਹਿੰਦਰਾ ਰਾਜਪਕਸ਼ੇ ਨਾਲ ਅੱਜ ਟੈਲੀਫੋਨ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਸ੍ਰੀ ਲੰਕਾ ਵਿੱਚ ਸਫਲ ਸੰਸਦੀ ਚੋਣਾਂ ਹੋਣ ’ਤੇ ਵਧਾਈ ਦਿੱਤੀ। ਪ੍ਰਧਾਨ ਮੰਤਰੀ ਨੇ ਕੋਵਿਡ -19 ਮਹਾਂਮਾਰੀ ਵੱਲੋਂ ਪੈਦਾ ਕੀਤੀਆਂ ਗਈਆਂ ਔਕੜਾਂ ਦੇ ਬਾਵਜੂਦ ਚੰਗੀ ਤਰਾਂ ਚੋਣਾਂ ਕਰਵਾਉਣ ਲਈ ਸ੍ਰੀ ਲੰਕਾ ਦੀ ਸਰਕਾਰ ਅਤੇ ਇਸਦੀਆਂ ਚੋਣ ਸੰਸਥਾਵਾਂ ਦੀ ਤਾਰੀਫ ਕੀਤੀ। ਉਨ੍ਹਾਂ ਨੇ ਚੋਣਾਂ ਵਿੱਚ ਉਤਸ਼ਾਹ ਨਾਲ ਹਿੱਸਾ ਲੈਣ ਲਈ ਸ੍ਰੀ ਲੰਕਾ ਦੇ ਲੋਕਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਚੀਜ਼ ਦੋਨਾਂ ਦੇਸ਼ਾਂ ਦੇ ਸਾਂਝੀਆਂ ਮਜ਼ਬੂਤ ਲੋਕਤੰਤਰੀ ਕਦਰਾਂ ਕੀਮਤਾਂ ਦੀ ਪ੍ਰਤੀਕ ਹੈ।

ਪ੍ਰਧਾਨ ਮੰਤਰੀ ਸ਼੍ਰੀ ਮੋਦੀ ਨੇ ਕਿਹਾ ਕਿ ਆ ਰਹੇ ਚੋਣ ਨਤੀਜਿਆਂ ਤੋਂ ਸ੍ਰੀ ਲੰਕਾ ਪੋਡੂਜਾਨ ਪੇਰਾਮੁਨਾ (SLPP) ਪਾਰਟੀ ਦੇ ਸ਼ਾਨਦਾਰ ਚੋਣ ਪ੍ਰਦਰਸ਼ਨ ਦਾ ਸੰਕੇਤ ਮਿਲਦਾ ਹੈ ਅਤੇ ਇਸ ਪ੍ਰਸੰਗ ਵਿੱਚ ਉਨ੍ਹਾਂ ਨੇ ਮਹਾਮਹਿਮ ਸ਼੍ਰੀ ਮਹਿੰਦਰਾ ਰਾਜਪਕਸ਼ੇ ਨੂੰ ਵਧਾਈ ਅਤੇ ਸ਼ੁਭ ਕਾਮਨਾਵਾਂ ਦਿੱਤੀਆਂ।

ਆਪਣੀਆਂ ਪਿਛਲੀਆਂ ਸਦਭਾਵਨਾਪੂਰਨ ਅਤੇ ਲਾਹੇਵੰਦ ਮੁਲਕਾਤਾਂ ਨੂੰ ਯਾਦ ਕਰਦੇ ਹੋਏ ਦੋਨਾਂ ਨੇਤਾਵਾਂ ਨੇ ਪੁਰਾਣੇ ਅਤੇ ਬਹੁਪੱਖੀ ਭਾਰਤ-ਸ੍ਰੀ ਲੰਕਾ ਸਬੰਧਾਂ ਨੂੰ ਮਜ਼ਬੂਤ ਕਰਨ ਪ੍ਰਤੀ ਆਪਣੀ ਸਾਂਝੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਨੇ ਦੁਵੱਲੇ ਸਹਿਯੋਗ ਦੇ ਸਾਰੇ ਖੇਤਰਾਂ ਵਿੱਚ ਜਲਦੀ ਤਰੱਕੀ ਦੇ ਮਹੱਤਵ ਉੱਤੇ ਜ਼ੋਰ ਦਿੱਤਾ।

ਪ੍ਰਧਾਨ ਮੰਤਰੀ ਨੇ ਮਹਾਮਹਿਮ ਸ਼੍ਰੀ ਰਾਜਪਕਸ਼ੇ ਨੇ ਭਾਰਤ ਵਿੱਚ ਬੋਧੀ ਤੀਰਥ ਯਾਤਰਾ ਵਾਲੇ ਸ਼ਹਿਰ ਕੁਸ਼ੀਨਗਰ ਵਿੱਚ ਅੰਤਰਰਾਸ਼ਟਰੀ ਹਵਾਈ ਅੱਡੇ ਦੀ ਸਥਾਪਨਾ ਬਾਰੇ ਦੱਸਿਆ ਅਤੇ ਕਿਹਾ ਕਿ ਇਸ ਸ਼ਹਿਰ ਨੂੰ ਸ੍ਰੀਲੰਕਾ ਤੋਂ ਆਉਣ ਵਾਲੇ ਯਾਤਰੀਆਂ ਨੂੰ ਜਲਦੀ ਹੀ ਜੀ ਆਇਆਂ ਨੂੰ ਕਹਿਣ ਦੀ ਆਸ ਹੈ।

ਦੋਨਾਂ ਮੁਲਕਾਂ ਨੇ ਕੋਵਿਡ -19 ਮਹਾਂਮਾਰੀ ਦੀਆਂ ਚੁਣੌਤੀਆਂ ਨਾਲ ਨਜਿੱਠਦੇ ਹੋਏ ਨੇੜਲੇ ਸੰਪਰਕ ਵਿਚ ਰਹਿਣ ਉੱਤੇ ਸਹਿਮਤੀ ਪ੍ਰਗਟਾਈ ਅਤੇ ਆਉਣ ਵਾਲੇ ਦਿਨਾਂ ਵਿਚ ਦੁਵੱਲੇ ਸਬੰਧਾਂ ਨੂੰ ਨਵੀਆਂ ਉਚਾਈਆਂ ਤੇ ਲੈ ਜਾਣ ਦਾ ਸੰਕਲਪ ਲਿਆ।

ਨਵੀਂ ਦਿੱਲੀ
06 ਅਗਸਤ, 2020

DISCLAIMER : This is an approximate translation. The original is available in English on MEA’s website and may be referred to as the official press release.